## ਸਾਡੀ ਸਥਿਤੀ

ਅਸੀਂ ਹੇਠਾਂ ਦਿੱਤੀ ਥਾਂ ਤੇ ਸਥਿਤ ਹਾਂ:

#110, 2891 ਸਨਰਿਜ ਵੇ ਐਨ ਈ ਕੈਲਗਰੀ,
ਅਲਬੇਰਟਾ **T1Y 7K7**




ਪਾਰਕਿੰਗ ਬਿਲਡਿੰਗ ਦੇ ਅੱਗੇ ਉਪਲਬਧ ਹੈ।

ਬੱਸ ਦੇ ਰੂਟ: #19 ਅਤੇ #119

ਨਜ਼ਦੀਕੀ ਸੀ-ਰੇਲਗੱਡੀ ਸਟੇਸ਼ਨ: ਐਨ ਈ ਰੰਡਲ ਸਟੇਸ਼ਨ

Punjabi/Echo: 09.2.13

## ਨਿਜਤਾ

ਉਸ ਨਿੱਜੀ ਸਿਹਤ ਸਬੰਧੀ ਜਾਣਕਾਰੀ ਨੂੰ, ਜੋ ਤੁਸੀਂ ਸਾਡੇ ਕਲੀਨਿਕ ਵਿੱਚ ਪ੍ਰਦਾਨ ਕਰਦੇ ਹੋ, ਹੈਲਥ ਇਨਫੋਰਮੇਸ਼ਨ ਐਕਟ ਦੇ ਪ੍ਰਾਵਧਾਨਾਂ ਦੇ ਮੁਤਾਬਕ ਇਕੱਤਰ, ਇਸ ਦਾ ਇਸਤੇਮਾਲ ਅਤੇ ਖੁਲਾਸਾ ਕੀਤਾ ਜਾਂਦਾ ਹੈ।

ਇਸ ਦੀ ਤੁਹਾਨੂੰ ਤਸ਼ਖੀਸ, ਇਲਾਜ ਅਤੇ ਸਿਹਤ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਅਤੇ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਤੁਹਾਡਾ ਪਰੋਵਿੰਸ਼ਿਯਲ ਹੈਲਥ ਪਲਾਨ ਦਾ ਬਿੱਲ ਭੇਜਣ ਲਈ ਵੀ ਵਰਤੋਂ ਕੀਤੀ ਜਾਂਦੀ ਹੈ। ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ 403-571-8640 ਤੇ ਸੰਪਰਕ ਕਰੋ।

TotalCardiology™
Your Heart. Your Health. For Life.

## ਕਾਰਡੀਓ-ਡਾਇਗਨੋਸਟਿਕ ਸੈਂਟਰ


**(ਟ) 403 571 8640**
**(ਫ) 403 571 8658**
**totalcardiology.ca**


# ਇਕੋਕਾਰਡੀਓਗ੍ਰਾਮ /ECHO

## ਤਿਆਰੀ ਸਬੰਧੀ ਜਾਣਕਾਰੀ

ਨਿਰਧਾਰਤ ਮੁਲਾਕਾਤ:
ਮਿਤੀ: ______________________
ਸਮਾਂ: ______________________

ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੋਂ ਘੱਟੋ-ਘੱਟ 1 ਦਿਨ ਪਹਿਲਾਂ ਇਸ ਕਿਤਾਬਚੀ ਨੂੰ ਚੰਗੀ ਤਰ੍ਹਾਂ ਪੜ੍ਹੋ।

ਕਿਰਪਾ ਕਰਕੇ ਆਪਣੀ ਨਿਰਧਾਰਤ ਮੁਲਾਕਾਤ ਤੇ 15 ਮਿੰਟ ਪਹਿਲਾਂ ਪਹੁੰਚੋ।

ਇਸ ਟੈਸਟ ਵਿੱਚ ਬਹੁਤ ਘੱਟ ਤਿਆਰੀ ਦੀ ਲੋੜ ਹੁੰਦੀ ਹੈ।

ਜੇ ਤੁਹਾਨੂੰ ਪੂਰੀ ਤਰ੍ਹਾਂ ਅੰਗਰੇਜੀ ਨਹੀਂ ਆਉਂਦੀ ਹੈ, ਤਾਂ ਕਿਰਪਾ ਕਰਕੇ ਅਨੁਵਾਦ ਕਰਨ ਲਈ ਟ੍ਰਾਂਸਲੇਟਰ ਨੂੰ ਆਪਣੇ ਨਾਲ ਲਿਆਓ।

ਬੱਚਿਆਂ ਨੂੰ ਲੈਬ ਵਿੱਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ ਹੈ।

ਕਿਰਪਾ ਨੋਟ ਕਰੋ ਕਿ ਇਸ ਟੈਸਟ ਲਈ ਤੁਹਾਨੂੰ ਆਪਣਾ ਮੌਜੂਦਾ ਅਲਬਰਟਾ ਹੈਲਥ ਕੇਅਰ ਕਾਰਡ ਅਤੇ ਸਰਕਾਰ ਦੁਆਰਾ ਜਾਰੀ ਕੀਤੀ ਗਈ ਫੋਟੋ ਆਈਡੀ ਦਿਖਾਣੀ ਜਰੂਰੀ ਹੈ। ਘੱਟੋ-ਘੱਟ 24 ਘੰਟੇ ਪਹਿਲਾਂ 403-571-8640 ਤੇ ਕਾਲ ਕਰੋ ਜੇ ਤੁਹਾਨੂੰ ਆਪਣੀ ਨਿਰਧਾਰਤ ਮੁਲਾਕਾਤ ਵਿੱਚ ਤਬਦੀਲੀ ਕਰਨ ਦੀ ਲੋੜ ਹੁੰਦੀ ਹੈ।

## ਇਕੋਕਾਰਡੀਓਗ੍ਰਾਮ ਕੀ ਹੁੰਦੀ ਹੈ?

ਇਕੋਕਾਰਡੀਓਗ੍ਰਾਮ ਨੂੰ ਕਾਰਡੀਐਕ ਇੱਕੋ ਵਜੋਂ ਜਾਂ ਸਿਰਫ਼ ਇੱਕੋ ਵਜੋਂ ਵੀ ਜਾਣਿਆ ਜਾਂਦਾ ਹੈ।

ਇੱਕੋ ਦਿਲ ਦੀਆਂ ਤਸਵੀਰਾਂ ਨੂੰ ਦਰਸ਼ਾਉਣ ਲਈ ਅਲਟ੍ਰਾਸਾਊਂਡ ਤਕਨੀਕ ਦੀ ਵਰਤੋਂ ਕਰਦਾ ਹੈ। ਇਹ ਪੰਪ ਕਰਨ ਦੀ ਕਿਰਿਆ ਨੂੰ ਦਰਸ਼ਾਉਂਦਾ ਹੈ, ਦਿਲ ਦੇ ਵਾਲਵ ਦੇ ਕਾਰਜ ਦਾ ਮੁਲਾਂਕਣ ਕਰਦਾ ਹੈ ਅਤੇ ਦਿਲ ਵਿੱਚ ਸੰਰਚਨਾਤਮਕ ਅਸਧਾਰਨਤਾਵਾਂ ਦਾ ਪਤਾ ਲਗਾਉਂਦਾ ਹੈ।

ਇਕੋਕਾਰਡੀਓਗ੍ਰਾਮ ਨੂੰ ਹਿਰਦੇ ਦੇ ਸੋਨੋਗ੍ਰਾਫਰਾਂ ਦੁਆਰਾ ਕੀਤਾ ਜਾਂਦਾ ਹੈ (ਇਨ੍ਹਾਂ ਨੂੰ ਇਕੋ ਟੈਕਨਾਲਜਿਸਟ ਵੀ ਕਿਹਾ ਜਾਂਦਾ ਹੈ) ਅਤੇ ਫੇਰ ਇਸ ਤਰ੍ਹਾਂ ਦੇ ਅਧਿਐਨ ਨੂੰ ਸਮਝਣ ਲਈ ਹਾਰਟ ਸਪੈਸ਼ਲਿਸਟ ਦੁਆਰਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

## ਟੈਸਟ ਦੇ ਦੌਰਾਨ ਕੀ ਹੁੰਦਾ ਹੈ?

ਹਿਰਦੇ ਦਾ ਸੋਨੋਗ੍ਰਾਫਰ (ਇੱਕੋ ਟੈਕਨਾਲਜਿਸਟ) ਤੁਹਾਨੂੰ ਉਡੀਕ ਕਰਨ ਵਾਲੇ ਕਮਰੇ ਵਿੱਚ ਮਿਲੇਗਾ ਅਤੇ ਮੁਆਇਨੇ ਵਾਲੇ ਕਮਰੇ ਵਿੱਚ ਤੁਹਾਡੇ ਨਾਲ ਚੱਲੇਗਾ।

ਤੁਹਾਨੂੰ ਅਗਲੇ ਪਾਸਿਓਂ ਖੁੱਲ੍ਹਣ ਵਾਲਾ ਇੱਕ ਗਾਊਨ ਪਾਉਣ ਲਈ ਆਖਿਆ ਜਾਵੇਗਾ।

ਇੱਕੋ ਟੈਕ ਮੁਆਇਨੇ ਵਾਲੇ ਮੰਜੇ ਤੇ ਤੁਹਾਨੂੰ ਲੰਮੇ ਪਾਵੇਗਾ।

ਇਲੈਕਟ੍ਰੋਡਸ ਨਾਮਕ ਚਿਪਚਿਪੀ ਚੇਪੀਆਂ ਨੂੰ ਤੁਹਾਡੇ ਦਿਲ ਦੀ ਧੜਕਣ ਨੂੰ ਰਿਕਾਰਡ ਕਰਨ ਲਈ ਤੁਹਾਡੀ ਛਾਤੀ ਤੇ ਲਗਾਇਆ ਜਾਂਦਾ ਹੈ।

ਇੱਕ ਬੇਰੰਗ ਜੈਲ ਨੂੰ ਗਿੱਚੀ ਤੇ ਲਗਾਇਆ ਜਾਂਦਾ ਹੈ ਅਤੇ ਇੱਕ ਟ੍ਰਾਂਸਡਿਉਸਰ ਦੀ ਤਸਵੀਰਾਂ ਲੈਣ ਲਈ ਵਰਤੋਂ ਕੀਤੀ ਜਾਂਦੀ ਹੈ।

ਟੈਸਟ ਦੇ ਦੌਰਾਨ ਤੁਸੀਂ ਪ੍ਰੋਬ ਤੋਂ ਥੋੜੇ ਦਬਾਵ ਨੂੰ ਮਹਿਸੂਸ ਕਰ ਸਕਦੇ ਹੋ ਕਿਉਂਕਿ ਅਸੀਂ ਸਭ ਤੋਂ ਵਧੀਆ ਸੰਭਾਵੀ ਤਸਵੀਰਾਂ ਲੈਣ ਦੀ ਕੋਸ਼ਿਸ਼ ਕਰਦੇ ਹਾਂ।

ਤੁਹਾਨੂੰ ਆਪਣੀ ਠੋਡੀ ਨੂੰ ਕਿਸੇ ਪਾਸੇ ਵੱਲ ਘੁੰਮਾਉਣ ਲਈ ਕਿਹਾ ਜਾਵੇਗਾ। ਤੁਹਾਨੂੰ ਹੌਲੀ-ਹੌਲੀ ਸਾਹ ਲੈਣ ਜਾਂ ਆਪਣੇ ਸਾਹ ਨੂੰ ਰੋਕਣ ਲਈ ਵੀ ਕਿਹਾ ਜਾ ਸਕਦਾ ਹੈ। ਇਹ ਉੱਚ ਗੁਣਵੱਤਾ ਦੀਆਂ ਤਸਵੀਰਾਂ ਨੂੰ ਲੈਣ ਵਿੱਚ ਮਦਦ ਕਰਦਾ ਹੈ।

ਇੱਕ ਸੰਪੂਰਨ ਰਿਪੋਰਟ 3 ਕੰਮਕਾਜੀ ਦਿਨਾਂ ਦੇ ਅੰਦਰ ਤੁਹਾਡੇ ਡਾਕਟਰ ਨੂੰ ਭੇਜੀ ਜਾਵੇਗੀ।

## ਜੋਖਮ

ਤੁਸੀਂ ਇਲੈਕਟਰੋਡ ਅਸਥਾਨਾਂ ਤੇ ਚਮੜੀ ਵਿੱਚ ਜਲਨ ਦਾ ਅਨੁਭਵ ਕਰ ਸਕਦੇ ਹੋ, ਜਾਂ ਬਹੁਤ ਦੁਰਲਭ ਹਾਲਾਤਾਂ ਵਿੱਚ ਪੱਕੇ ਨਿਸ਼ਾਨ ਪੈ ਸਕਦੇ ਹਨ।

## ਜਰੂਰੀ ਤਿਆਰੀ ਸਬੰਧੀ ਹਿਦਾਇਤਾਂ

- ਇਸ ਟੈਸਟ ਨੂੰ ਪੂਰਾ ਕਰਨ ਵਿੱਚ ਲਗਭਗ ਇੱਕ ਘੰਟੇ ਦਾ ਸਮਾਂ ਲੱਗ ਸਕਦਾ ਹੈ।
- ਹੋਲਟਰ ਮੋਨਿਟਰ ਜਾਂ ਬਲੱਡ ਪ੍ਰੈਸ਼ਰ ਮੋਨਿਟਰ ਨੂੰ ਇਕੋ ਟੈਸਟ ਦੇ ਦੌਰਾਨ <u>ਨਹੀਂ</u> ਪਾਇਆ ਜਾ ਸਕਦਾ ਹੈ।
- ਤੁਸੀਂ ਟੈਸਟ ਤੋਂ ਪਹਿਲਾਂ ਖਾ-ਪੀ ਸਕਦੇ ਹੋ। ਤੁਸੀਂ ਟੈਸਟ ਤੋਂ ਪਹਿਲਾਂ ਆਪਣੀਆਂ ਆਮ ਦਵਾਈਆਂ ਲੈ ਸਕਦੇ ਹੋ।
- ਸਰੀਰ ਤੇ ਤੇਲ ਜਾਂ ਪਾਊਡਰਾਂ ਨੂੰ ਨਾਂ ਲਗਾਓ। ਤੁਸੀਂ ਆਪਣੇ ਦੰਦਾਂ ਨੂੰ ਬੁਰਸ਼ ਕਰ ਸਕਦੇ ਹੋ ਅਤੇ ਡਿਓਡੋਰੇਂਟ ਲਗਾ ਸਕਦੇ ਹੋ। ਸੈਂਟ, ਖੁਸ਼ਬੋ, ਆਫਟਰ-ਸ਼ੇਵ ਜਾਂ ਕਾਫੀ ਜ਼ਿਆਦਾ ਖੁਸ਼ਬੋ ਵਾਲੇ ਲੋਸ਼ਨਾਂ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਕੁਝ ਵਿਅਕਤੀ ਖੁਸ਼ਬੋਆਂ ਦੇ ਪ੍ਰਤੀ ਸੈਂਸਿਟਿਵ ਹੋ ਸਕਦੇ ਹਨ ਜਾਂ ਉਨ੍ਹਾਂ ਨੂੰ ਅਲਰਜੀ ਹੋ ਸਕਦੀ ਹੈ।
- ਮੋਬਾਇਲਾਂ ਨੂੰ ਮੁਆਇਨੇ ਵਾਲੇ ਕਮਰੇ ਵਿੱਚ ਬੰਦ ਕੀਤਾ ਜਾਣਾ ਚਾਹੀਦਾ ਹੈ।

## ਟੈਸਟ ਦੇ ਸਿੱਟਿਆਂ ਦੀ ਚਰਚਾ:

ਕਿਰਪਾ ਕਰਕੇ ਧਿਆਨ ਦਿਓ ਕਿ ਸਿਰਫ਼ ਤੁਹਾਡੀ ਜਾਣ-ਪਛਾਣ ਦਾ ਅਤੇ/ਜਾਂ ਫੈਮਲੀ ਡਾਕਟਰ ਹੀ ਤੁਹਾਡੇ ਨਾਲ ਤੁਹਾਡੇ ਟੈਸਟ ਦੇ ਸਿੱਟਿਆਂ ਦੀ ਚਰਚਾ ਕਰ ਸਕਦਾ ਹੈ।